Calgary Livery Transport Services

ਬੁਲੇਟਿਨ #**008**

ਐਲਟੀਐਸ ਲਾਇਸੈਂਸ ਫੀਸ ਬਾਰੇ ਜਾਣਕਾਰੀ **2020 ਮਈ 11**

ਕੋਵੀਡ -19 ਮਹਾਂਮਾਰੀ ਨੇ ਟੈਕਸੀ ਅਤੇ ਲਿਮੋਸਿਨ ਉਦਯੋਗ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਹੈ ਜਿਸ ਕਰਕੇ 2020 ਮਾਰਚ ਦੀ ਸ਼ੁਰੂਆਤ ਤੋਂ ਯਾਤਰਾਵਾਂ 80% ਘੱਟ ਗਈਆਂ ਹਨ। ਨਤੀਜੇ ਵਜੋਂ, ਨਗਰ ਕੌਂਸਲ ਨੂੰ ਲਿਵਰੀ ਉਦਯੋਗ ਵਿੱਚ ਕੰਮ ਕਰਨ ਵਾਲਿਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਲਾਇਸੈਂਸ ਨਵੀਨੀਕਰਣ ਫੀਸਾਂ ਨੂੰ ਘਟਾਉਣ ਬਾਰੇ ਵਿਚਾਰ ਕਰਨ ਲਈ ਕਿਹਾ ਗਿਆ ਸੀ।

ਅੱਜ, ਨਗਰ ਕੌਂਸਲ ਨੇ 2020 ਮਈ 15 ਤੋਂ 2021 ਮਈ 14 ਤੱਕ ਦੇ ਸਮੇਂ ਦੀ ਮਿਆਦ ਲਈ ਹੇਠ ਲਿਖੀਆਂ ਫੀਸਾਂ ਵਿੱਚ ਕਮੀ ਨੂੰ ਪ੍ਰਵਾਨਗੀ ਦਿੱਤੀ:

- ਟੈਕਸੀ ਅਤੇ ਲਿਮੋਸਿਨ ਡਰਾਈਵਰ ਦੀ ਲਾਇਸੈਂਸ ਨਵੀਨੀਕਰਣ ਫੀਸ ਮਾਫ਼ ਕਰ ਦਿੱਤੀ ਗਈ ਹੈ ($141 → $0)
- ਟੈਕਸੀ ਪਲੇਟ ਲਾਇਸੈਂਸ ਦੀ ਨਵੀਨੀਕਰਣ ਫੀਸ 50 ਪ੍ਰਤੀਸ਼ਤ ਘਟਾ ਦਿੱਤੀ ਗਈ ਹੈ($912 →$456)
- ਲਿਮੋਸਿਨ ਪਲੇਟ ਲਾਇਸੈਂਸ ਦੀ ਨਵੀਨੀਕਰਣ ਫੀਸ 50 ਪ੍ਰਤੀਸ਼ਤ ਘਟਾ ਦਿੱਤੀ ਗਈ ਹੈ($731 → $365.50)

ਯਾਦ ਦਿਵਾ ਦਿੱਤਾ ਜਾਏ ਕਿ ਡਰਾਈਵਰਾਂ ਨੂੰ ਅਜੇ ਵੀ ਆਪਣੀ ਟੈਕਸੀ ਅਤੇ / ਜਾਂ ਲਿਮੋਜ਼ਿਨ ਡਰਾਈਵਰ ਲਾਇਸੈਂਸ (ਲਿਵਰੀ ਟਰਾਂਸਪੋਰਟ ਸਰਵਿਸਿਜ਼ ਦਫਤਰ ਵਿਖੇ) ਨਵੀਨੀਕਰਣ ਕਰਨਾ ਜ਼ਰੂਰੀ ਹੈ; ਇਸ ਵਿੱਚ ਕੈਲਗਰੀ ਪੁਲਿਸ ਸਰਵਿਸ ਨੂੰ ਜਾਣਕਾਰੀ ਦੇਣਾ ਸ਼ਾਮਲ ਹੈ। ਜੋ ਡ੍ਰਾਈਵਰ 2020 ਜਨਵਰੀ - 2020 ਮਈ 14 ਦੇ ਵਿਚਕਾਰ ਆਪਣੇ ਲਾਇਸੈਂਸ ਦਾ ਨਵੀਨੀਕਰਣ ਕਰਨਗੇ, ਉਨ੍ਹਾਂ ਨੂੰ 2021 ਦਾ ਨਵੀਨੀਕਰਣ ਬਿਨਾਂ ਕਿਸੇ ਕੀਮਤ ਦੇ ਮਿਲੇਗਾ।

ਪਲੇਟ ਲਾਇਸੈਂਸ ਨਵੀਨੀਕਰਣ ਫੀਸਾਂ ਵਿੱਚ ਕਟੌਤੀ ਤੋਂ ਇਲਾਵਾ, ਕਿਰਪਾ ਕਰਕੇ ਨੋਟ ਕਰੋ:

• ਟੈਕਸੀ ਪਲੇਟ ਲਾਇਸੈਂਸ ਨਵੀਨੀਕਰਣ ਦੀ ਮਿਆਦ 2020 ਸਤੰਬਰ 30 ਤੱਕ ਵਧਾ ਦਿੱਤੀ ਗਈ ਹੈ।

• ਲਿਮੋਸਿਨ ਪਲੇਟ ਲਾਇਸੈਂਸ ਨਵੀਨੀਕਰਣ ਦੀ ਮਿਆਦ 2020 ਦਸੰਬਰ 31 ਤੱਕ ਵਧਾ ਦਿੱਤੀ ਗਈ ਹੈ।

ਐਲਟੀਐਸ ਇਹ ਵੀ ਦੱਸਣਾ ਚਾਹੇਗਾ ਕਿ ਫੈਡਰਲ ਅਤੇ ਸੂਬਾਈ ਸਰਕਾਰ ਨੇ ਕੋਵਿਡ -19 ਨਾਲ ਪ੍ਰਭਾਵਿਤ ਵਿਅਕਤੀਆਂ ਲਈ ਆਰਥਿਕ ਸਹਾਇਤਾ ਲਈ ਫੰਡਾਂ ਦੀ ਵੰਡ ਕੀਤੀ ਹੈ। ਤੁਹਾਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਤੁਸੀਂ ਇਨ੍ਹਾਂ ਵਿਕਲਪਾਂ ਬਾਰੇ ਜਾਣੋ ਕਿਉਂਕਿ ਤੁਸੀਂ ਇਸ ਸਹਾਇਤਾ ਲਈ ਅਰਜ਼ੀ ਦੇਣ ਦੇ ਯੋਗ ਹੋ ਸਕਦੇ ਹੋ। ਜਾਣਕਾਰੀ ਲਈ ਵੈੱਬਸਾਈਟ ਵੇਖੋ

ਜੇ ਤੁਹਾਡਾ ਕੋਈ ਪ੍ਰਸ਼ਨ ਹੈ, ਤਾਂ ਕਿਰਪਾ ਕਰਕੇ ਸਾਡੇ ਦਫਤਰ ਨੂੰ Liverytransport@calgary.ca ਤੇ ਈਮੇਲ ਕਰੋ। ਕਿਰਪਾ ਕਰਕੇ ਨੋਟ ਕਰੋ ਕਿ ਇਹ ਬੁਲੇਟਿਨ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾ ਰਿਹਾ ਹੈ ਅਤੇ ਜਿੰਨੀ ਜਲਦੀ ਹੋ ਸਕੇ ਮੁਹੱਈਆ ਕਰ ਦਿੱਤਾ ਜਾਵੇਗਾ।

ਆਪਦਾ ਸ਼ੁਭਚਿੰਤਕ

ਕੋਰੀ ਪੋਰਟਰ
ਕਾਰਜਕਾਰੀ ਚੀਫ਼ ਲਿਵਰੀ ਇੰਸਪੈਕਟਰ
ਕੈਲਗਰੀ ਕਮਿਉਨਿਟੀ ਸਟੈਂਡਰਡ